ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ ਫੇਜ-8 ਐਸ.ਏ.ਐਸ. ਨਗਰ
(ਦਫਤਰੀ ਅਮਲਾ-ਸਾਖਾ)

ਹੁਕਮ ਨੰ: 11/22-03- ਦਅ (1)
ਮਿਤੀ 5-11-2015

ਪੰਜਾਬ ਸਰਕਾਰ ਵਿੱਤ ਵਿਭਾਗ ਵਲੋਂ ਸਰਕਾਰੀ ਕਰਮਚਾਰੀਆਂ ਦੇ ਮਿਤੀ 01-01-06 ਤੋਂ ਸੋਧੇ ਹੋਏ ਤਨਖਾਹ ਸਕੇਲਾਂ ਵਿੱਚ ਪਹਿਲੇ 50% ਕਲਰਕਾਂ ਨੂੰ ਜੂਨੀਅਰ ਸਹਾਇਕ ਦਾ ਅਹੁੱਦਾ ਦਿੰਦੇ ਹੋਏ ਤਨਖਾਹ ਸਕੇਲ 5910-20200 ਦਿੱਤਾ ਗਿਆ ਹੈ ਅਤੇ ਸਰਕਾਰ ਦੇ ਪੱਤਰ ਮਿਤੀ 1-12-11 ਨੂੰ ਹੋਈ ਸੋਧ ਅਨੁਸਾਰ ਤਨਖਾਹ ਸਕੇਲ 10300-34800+3600 ਦਿੱਤਾ ਗਿਆ ਹੈ। ਪੰਜਾਬ ਸਿੱਖਿਆ ਵਿਭਾਗ ਦੇ ਅਧੀਨ ਦਫਤਰਾਂ ਵਿੱਚ ਕੰਮ ਕਰਦੇ ਕਲਰਕਾਂ ਦੀ ਮਿਤੀ 30-04-2008 ਨੂੰ ਜਾਰੀ ਕੀਤੀ ਸੀਨੀਆਰਤਾਂ ਸੂਚੀ ਜੋ ਕਿ ਡਾਇਰੈਕਟੋਰੇਟ ਦੇ ਮੀਮੋ ਨੰ: 13/29-12 ਦਅ (1) ਮਿਤੀ 26-07-12 ਰਾਂਹੀ ਸਰਕੂਲੇਟ ਕੀਤੀ ਗਈ ਸੀ। ਇਸ ਸੀਨੀਆਰਤਾ ਸੂਚੀ ਵਿੱਚ ਹੇਠ ਲਿਖੇ ਅਨੁਸਾਰ ਸੀਨੀਆਰਤਾ ਤੇ ਦਰਜ ਕਰਮਚਾਰੀਆਂ ਨੂੰ ਦਰਸਾਈਆਂ ਗਈਆਂ ਮਿਤੀਆਂ ਤੋਂ ਜੂਨੀਅਰ ਸਹਾਇਕ ਦਾ ਅਹੁੱਦਾ ਪ੍ਰਦਾਨ ਕਰਦੇ ਹੋਏ ਤਨਖਾਹ ਸਕੇਲ 10300-34800+3600 ਰਲੀਜ ਕੀਤਾ ਜਾਂਦਾ ਹੈ :-

| ਜਿਸ ਮਿਤੀ ਤੋਂ ਜੂਨੀਅਰ ਸਹਾਇਕ ਦਾ ਸਕੇਲ ਦਿੱਤਾ ਜਾਣਾ ਹੈ। | ਕਲਰਕਾਂ ਦੀਆਂ ਕੁੱਲ ਮੰਨਜੂਰਸੁਦਾ ਅਸਾਮੀਆਂ | 50:50 ਅਨੁਸਾਰ ਜੂਨੀਅਰ ਸਹਾਇਕ ਦੀਆਂ ਬਣਦੀਆਂ ਪੋਸਟਾਂ | ਸੀਨੀਆਰਤਾ ਨੰ: ਜਿਥੋਂ ਤੱਕ ਪਹਿਲਾਂ ਗ੍ਰੇਡ ਰਲੀਜ ਹੋ ਚੁੱਕਾ ਹੈ | ਜਿਨਾਂ ਦੀ ਮੌਤ ਜਾਂ ਰਿਟਾਇਰ ਹੋ ਚੁੱਕੇ | ਜਿਥੋਂ ਤੱਕ ਗ੍ਰੇਡ ਰਲੀਜ ਕੀਤਾ ਜਾਂਦਾ ਹੈ/ ਸੀਨੀਆਰਤਾ ਨੰ: |
|---|---|---|---|---|---|
| 01-01-2015 | 4090 | 2045 | 2853 | 86 | 2854 ਤੋਂ 2939 |

ਸਰਤਾਂ :- 1.ਕਰਮਚਾਰੀਆਂ ਨੇ ਗ੍ਰੇਡ ਰਲੀਜ ਹੋਣ ਦੀ ਮਿਤੀ ਤੱਕ 5 ਸਾਲ ਦੀ ਸੇਵਾ ਮੁਕੰਮਲ ਕਰ ਲਈ ਹੋਵੇ।

2. ਸੀਨੀਆਰਤਾ ਸੂਚੀ ਵਿੱਚ ਫੇਰ ਬਦਲ ਹੋਣ ਦੀ ਸੂਰਤ ਵਿੱਚ ਇਹ ਹੁਕਮ ਸੋਧੇ ਜਾਣਗੇ।
3. ਸਬੰਧਤ ਮੰਡਲ/ਜਿਲ੍ਹਾ ਸਿੱਖਿਆ ਅਫਸਰ (ਸੈਸਿ) ਵਲੋਂ ਗਰੇਡ ਜਾਰੀ ਕਰਨ ਸਬੰਧੀ ਵਿਅਕਤੀਗਤ ਹੁਕਮ ਪਾਸ ਕੀਤੇ ਜਾਣਗੇ। ਚੰਡੀਗੜ੍ਹ ਸਥਿਤ ਅਧੀਨ ਦਫਤਰਾਂ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਦਾ ਗ੍ਰੇਡ , ਜੇਕਰ ਕੋਈ ਹੋਵੇ, ਜਿਲ੍ਹਾ ਸਿੱਖਿਆ ਅਫਸਰ (ਸੈਸਿ) ਐਸ.ਏ.ਐਸ ਨਗਰ ਵਲੋਂ ਕੀਤਾ ਰੀਲੀਜ ਕੀਤਾ ਜਾਵੇ।
4. ਕਰਮਚਾਰੀ ਦੇ ਟਾਈਪ ਟੈਸਟ ਪਾਸ ਨਾ ਕਰਨ ਕਾਰਣ ਉਸਦੀ ਸਲਾਨਾ ਤਰੱਕੀ ਰੁਕੀ ਹੋਣ ਦੀ ਸੂਰਤ ਵਿੱਚ ਉਸਨੂੰ ਜੂਨੀਅਰ ਸਹਾਇਕ ਦਾ ਗ੍ਰੇਡ ਨਹੀ ਦਿੱਤਾ ਜਾਵੇਗਾ।
5. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਸਬੰਧਤ ਕਰਮਚਾਰੀਆਂ ਨੂੰ ਗ੍ਰੇਡ ਦਾ ਲਾਭ ਦੇਣ ਤੋਂ ਪਹਿਲਾਂ ਕੇਸਾਂ ਦੀ ਛਾਣਬੀਣ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਆਪਣੀ ਪੱਧਰ ਤੇ ਕਰਨਾਂ ਯਕੀਨੀ ਬਣਾਉਣਗੇ।

ਨੋਟ - ਜੇਕਰ ਕੋਈ ਕਰਮਚਾਰੀ ਉਪਰੋਕਤ ਸਰਤਾਂ ਪੂਰੀਆਂ ਨਾਂ ਕਰਦਾ ਹੋਵੇ/ਜਾਂ ਜਿਸ ਕਰਮਚਾਰੀ ਨੂੰ ਸਬੰਧਤ ਜਿਲਾਂ ਸਿਖਿਆ ਅਫਸਰ ਵਲੋਂ ਉਪਰੋਕਤ ਸਰਤਾਂ ਅਧੀਨ ਜੂਨੀਅਰ ਸਹਾਇਕ ਦਾ ਗਰੇਡ ਰੀਲੀਜ ਨਾਂ ਕਰਨਾਂ ਹੋਵੇ ਤਾਂ ਉਸ ਕਰਮਚਾਰੀ ਦੀ ਸੂਚਨਾਂ ਮੰਡਲ ਸਿਖਿਆ ਅਫਸਰ ਫਰੀਦਕੋਟ ਰਾਂਹੀ ਵਿਭਾਗ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ

ਪਿੱਠ, ਅੰਕਣ ਨੰ: ਉਕਤ ਮਿਤੀ 5-11-15

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ/ਐਸਿ) ਪੰਜਾਬ।
2. ਡਾਇਰੈਕਟਰ ਰਾਜ ਸਾਇੰਸ ਸਿੱਖਿਆ ਸੰਸਥਾਂ ਪੰਜਾਬ।
3. ਡਾਇਰੈਕਟਰ ਗਾਈਡੈਂਸ ਬਿਊਰੋਂ ਪੰਜਾਬ।
4. ਸਲਾਹਕਾਰ ਤਕਨੀਕੀ ਸਿੱਖਿਆ, ਪੰਜਾਬ।
5. ਖੇਤੀਬਾੜੀ ਸਲਾਹਕਾਰ ਪੰਜਾਬ।
6. ਮੰਡਲ ਸਿੱਖਿਆ ਅਫਸਰ ਫਰੀਦਕੋਟ, ਜਲੰਧਰ ਅਤੇ ਨਾਭਾ।
7. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ)

ਸੁਪਰਡੰਟ ਦਫਤਰੀ ਅਮਲਾ